**O/o SUB DIVISIONAL ENGINEER, PROVL. SUB DIVISIONS, PWD B&R, KHARAR**

**E-MAIL sub.divisionkharar78@gmail.com**

ਵੱਲ,

Gillco International School,
Gillco Valley, Sector 127,
Mohali.

ਨੰ: 125 ਮਿਤੀ: 26/04/2024

ਵਿਸ਼ਾ:- ਸਕੂਲ ਦੀ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਜਾਰੀ ਕਰਨ ਬਾਰੇ (ਸਾਲ 2024-2025)

ਹਵਾਲਾ:- ਆਪ ਜੀ ਦਾ ਪੱਤਰ ਨੰ ਨਿੱਲ ਮਿਤੀ 06.04.2024 ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਸਹਿਤ ਲਿਖਿਆ ਜਾਂਦਾ ਹੈ ਕਿ ਇਸ ਉਪ ਮੰਡਲ ਅਧੀਨ ਕੰਮ ਕਰ ਰਹੇ ਸ਼੍ਰੀ ਇਕਬਾਲ ਸਿੰਘ, ਜੂਨੀਅਰ ਇੰਜੀਨੀਅਰ ਵੱਲੋਂ Gillco International School, Gillco Valley, Sector 127, Mohali ਦੀ ਮੌਕੇ ਤੇ ਵਿਜ਼ੂਅਲ ਇੰਸਪੈਕਸ਼ਨ ਕੀਤੀ ਗਈ। ਇਮਾਰਤ ਦੀ ਪ੍ਰਾਪਤ ਰਿਪੋਰਟ ਅਨੁਸਾਰ ਬਿਲਡਿੰਗ ਠੀਕ ਜਾਪਦੀ ਹੈ। ਮਾਨਯੋਗ ਸਕੱਤਰ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਚੰਡੀਗੜ੍ਹ ਜੀ ਦਫਤਰੀ ਆਰਡਰ ਨੰ 5/13/2018/3ਬੀਆਰ3/1294287/3 ਮਿਤੀ 10.08.2018 ਰਾਹੀਂ ਇਮਾਰਤ ਦੀ ਲੋੜੀਂਦੀ 1 ਸਾਲ ਦੀ ਬਣਦੀ ਫੀਸ 20,000 ਰੁਪਏ ਈ-ਚਲਾਨ ਰਸੀਦ ਨੰ 11350815 ਮਿਤੀ 26.04.2024 (ਰਕਮ 20,000) ਰਾਹੀਂ ਸਟੇਟ ਬੈਂਕ ਆਫ ਇੰਡੀਆ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ। ਇਸ ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31.03.2025 ਤੱਕ ਹੇਠ ਲਿਖੀ ਸ਼ਰਤਾ ਤੇ ਜਾਰੀ ਕੀਤੀ ਜਾਂਦਾ ਹੈ:-

1. ਸਕੂਲ ਬਿਲਡਿੰਗ ਦੀ ਬਾਹਰੀ ਦਿੱਖ ਤੋ ਅੰਦਰੂਨੀ ਸਟਰਕਟਰਲ ਸਟੇਬਿਲਟੀ ਚੈਕ ਨਹੀਂ ਕੀਤੀ ਜਾ ਸਕਦੀ। ਇਸ ਲਈ ਜੇਕਰ ਕਿਸੇ ਵੀ ਸਮੇ ਬਿਲਡਿੰਗ ਦੇ ਸਟਰਕਚਰਲ ਡਿਜਾਇਨ ਵਿੱਚ ਕਮੀ ਕਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਸਕੂਲ ਅਥਾਰਿਟੀ ਖੁਦ ਜਿੰਮੇਵਾਰ ਹੋਵੇਗੀ।

2. ਜੇਕਰ ਸਕੂਲ ਅਥਾਰਿਟੀ ਵੱਲੋਂ ਬਿਲਡਿੰਗ ਵਿੱਚ ਕਸੇ ਵੀ ਤਰ੍ਹਾਂ ਦੀ ਅਡੀਸ਼ਨ/ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕੀਤੀ ਜਾਂਦੀ ਹੈ ਤੋਂ ਉਹ ਕਿਸੇ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇ ਅਤੇ ਉਸ ਇੰਜੀਨੀਅਰ ਤੋਂ ਸਰਟੀਫਿਕੇਟ ਲਿਆ ਜਾਵੇ ਕਿ ਇਸ ਅਡੀਸ਼ਨ/ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕਰਨ ਨਾਲ ਬਿਲਡਿੰਗ ਸਟਰਕਚਰਲੀ ਸੇਫ ਰਹੇਗੀ ਅਤੇ ਇਹ ਕੰਮ ਕਰਨ ਤੋਂ ਬਾਅਦ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਲਿਆ ਜਾਵੇਗਾ।

3. ਜੇਕਰ ਬਿਲਡਿੰਗ ਨੂੰ ਹੜ੍ਹ, ਭੂਚਾਲ ਜਾਂ ਕਿਸੇ ਹੋਰ ਕੁਦਰਤੀ ਆਫਤ ਨਾਲ ਨੁਕਸਾਨ ਹੁੰਦਾ ਹੈ ਅਤੇ ਦੀਵਾਰਾਂ/ਨੀਹਾਂ ਵਿੱਚ ਕਿਸੇ ਤਰ੍ਹਾਂ ਦੀ ਸੈਟਲਮੈਂਟ ਅਤੇ ਛੱਤਾਂ ਵਿੱਚ ਸੈਗਿੰਗ ਆਉਦੀ ਹੈ ਤਾਂ ਸਕੂਲ ਅਥਾਰਟੀ ਤੁਰੰਤ ਇਸ ਵਿਭਾਗ ਦੇ ਧਿਆਨ ਵਿੱਚ ਲਿਆਵੇਗੀ।

4. ਬਿਲਡਿੰਗ ਦੀ ਹਰ ਪੱਖੋ ਸੇਫਟੀ ਦੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ ਅਤੇ ਆਪ ਹਰ ਸਾਲ ਟੈਕਨੀਕਲ ਕੁਆਲੀਫਾਇਡ ਸਟਰਕਚਰ ਇੰਜੀਨੀਅਰ ਵੱਲੋਂ ਉਕਤ ਇਮਾਰਤ ਦਾ ਤਸਦੀਕਸ਼ੁਦਾ ਫਿਟਨੈਸ ਸਰਟੀਫਿਕੇਟ ਲੈਣ ਉਪਰੰਤ ਇਸ ਦਫਤਰ ਵਿੱਚ ਜਮ੍ਹਾਂ ਕਰਵਾਉਣ ਪਾਬੰਦ ਹੋਵੋਗੇ।

5. ਅੱਗ ਬਝਾਊ ਯੰਤਰ ਸਬੰਧਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਤਸੱਲੀਬੱਖਸ਼ ਅਤੇ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ। ਫਾਇਰ ਸੇਫਟੀ ਪ੍ਰਮਾਣ ਪੱਤਰ 31.05.2024 ਤੱਕ ਵੈਲਿਡ ਹੈ ਇਸ ਲਈ ਮਿਤੀ 01.06.2024 ਤੋਂ ਵੈਲਿਡ ਫਾਇਰ ਸੇਫਟੀ

**O/o SUB DIVISIONAL ENGINEER, PROVL. SUB DIVISIONS, PWD B&R, KHARAR**

**E-MAIL sub.divisionkharar78@gmail.com**

ਸਰਟੀਫਿਕੇਟ ਇਸ ਦਫਤਰ ਵਿਖੇ ਜਮਾਂ ਕਰਵਾਇਆ ਜਾਵੇ, ਨਹੀਂ ਤਾਂ ਇਹ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31.05.2024 ਤੱਕ ਵੈਲਿਡ ਮੰਨਿਆ ਜਾਵੇਗਾ।

6. ਪੰਜਾਬ ਸਰਕਾਰ ਵੱਲੋਂ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ/ਸ਼ਰਤਾਂ/ਨੋਟੀਫਿਕੇਸ਼ਨ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ। ਜੇਕਰ ਇਸ ਬਿਲਡਿੰਗ ਸੇਫਟੀ ਸਰਟੀਫਿਕੇਟ ਦੀ ਵੈਧਤਾ ਦੌਰਾਨ ਕਦੇ ਵੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਹਿੱਤ ਫੀਸ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਆਪ ਇਸ ਵਧੀ ਹੋਈ ਫੀਸ ਨੂੰ ਉਸ ਸਮੇਂ ਤੋਂ ਇਸ ਉਪ ਮੰਡਲ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

7. ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸ ਲਈ ਪ੍ਰਮਾਣਿਤ ਨਹੀਂ ਹੋਵੇਗਾ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਲੋ:ਨਿ:ਵਿ: ਭਤੇਮ ਸ਼ਾਖਾ
ਖਰੜ।

ਪਿੱਠ ਅੰਕਣ ਨੰ:

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ 1, ਲੋ:ਨਿ:ਵਿ: ਭਤੇਮ ਸ਼ਾਖਾ, ਐਸ.ਏ.ਐਸ ਨਗਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਲੋ:ਨਿ:ਵਿ: ਭਤੇਮ ਸ਼ਾਖਾ
ਖਰੜ।